# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
3. ਸਮੂਹ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ।
4. ਸਮੂਹ ਮੁੱਖ ਅਧਿਆਪਕ, ਸਰਕਾਰੀ ਹਾਈ ਅਤੇ ਮਿਡਲ ਸਕੂਲ, ਪੰਜਾਬ।
5. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ. ਸਸਅ/2023/ਗਰੇਡਿੰਗ (616601)/333645

ਮਿਤੀ : 20-12-2023

**ਵਿਸ਼ਾ:- ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਰੇਡਿੰਗ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਕੂਲ ਦੀ ਪੜਾਈ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਪਣੇ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਕੂਲਾਂ ਵਿੱਚ ਸਰਕਾਰ ਦੀ ਮੱਦਦ ਨਾਲ ਅਤੇ ਲੋਕਲ ਪੱਧਰ ਤੇ ਪੰਚਾਇਤ ਅਤੇ ਹੋਰ ਸੰਸਥਾਵਾਂ ਦੀ ਮੱਦਦ ਨਾਲ ਸਕੂਲ ਦਾ ਬੁਨਿਆਦੀ ਢਾਂਚਾ ਸਕੂਲ ਮੁੱਖੀਆਂ ਵੱਲੋਂ ਵਿਕਸਿਤ ਕੀਤਾ ਜਾਂਦਾ ਹੈ।
2. ਉਪਰੋਕਤ ਨੂੰ ਦੇਖਦੇ ਹੋਏ ਸਕੂਲਾਂ ਦੀ ਦਰਜਾਬੰਦੀ ਕੀਤੀ ਜਾ ਰਹੀ ਹੈ, ਜਿਸ ਨਾਲ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵਿੱਚ ਆਪਸੀ Competition ਦੀ ਭਾਵਨਾ ਪੈਦਾ ਹੋਵੇਗੀ ਅਤੇ ਨਾਲ ਹੀ ਵੱਖ-ਵੱਖ ਸਕੂਲਾਂ ਵਿੱਚ ਕੀਤੇ ਚੰਗੇ ਉਪਰਾਲਿਆਂ ਬਾਰੇ ਵੀ ਵਿਭਾਗ ਨੂੰ ਜਾਣਕਾਰੀ ਮਿਲੇਗੀ। ਇਸ ਤੋਂ ਇਲਾਵਾ ਸਕੂਲ ਮੁੱਖੀ ਵਲੋਂ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਸਕੂਲ ਲਈ ਸਲਾਨਾ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਹਾਈ ਸਕੂਲਾਂ ਦੀ ਗਰੇਡਿੰਗ ਕੀਤੀ ਜਾਣੀ ਹੈ।
3. ਇਹਨਾਂ ਸਕੂਲਾਂ ਦੀ ਗਰੇਡਿੰਗ ਲਈ ਜੋ ਪੈਮਾਨੇ ਅਪਣਾਏ ਗਏ ਹਨ ਉਹ ਹੇਠ ਲਿਖੇ ਅਨੁਸਾਰ ਹਨ:

i. ਸਕੂਲ ਦਾ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਅਤੇ ਅਧਿਆਪਕਾਂ ਦੀ ਉਪਲੱਭਧਤਾ।

ii. ਸਕੂਲ ਵਿੱਚ ਉਪਲੱਬਧ ਬੁਨਿਆਦੀ ਢਾਂਚਾ।

iii. ਸਹਿਵਿਦਿਅਕ ਕ੍ਰਿਆਵਾਂ।

Scanned with CamScanner

iv. ਵਿਦਿਆਰਥੀਆਂ ਦੀ ਹਾਜਰੀ।

v. ਐਸ.ਐਮ.ਸੀ ਅਤੇ ਆਮ ਲੋਕਾਂ ਦਾ ਸਕੂਲ ਵਿੱਚ ਯੋਗਦਾਨ।

4. ਆਪ ਨੂੰ ਲਿਖਿਆ ਜਾਂਦਾ ਕਿ ਆਪਣੇ ਸਕੂਲ ਦਾ ਈ-ਪੰਜਾਬ ਸਕੂਲ ਪੋਰਟਲ ਦਾ ਡਾਟਾ ਅਤੇ ਆਪ ਜੀ ਦੇ ਨੋਡਲ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦਾ ਡਾਟਾ ਪੱਤਰ ਜਾਰੀ ਹੋਣਦੇ 07 ਦਿਨਾਂ ਤੇ ਅੰਦਰ-ਅੰਦਰ ਈ-ਪੰਜਾਬ ਸਕੂਲ ਪੋਰਟਲ ਤੇ ਅਪਲੋਡ ਕੀਤਾ ਜਾਵੇ।ਇਸ ਮੰਤਵ ਲਈ ਈ-ਪੰਜਾਬ ਸਕੂਲ ਪੋਰਟਲ ਤੇ ਸਕੂਲ login ਕਰਕੇ Other detail link ਅਧੀਨ ਸਕੂਲ ਗਰੇਡਿੰਗ ਲਿੰਕ ਦਿੱਤਾ ਗਿਆ ਹੈ। ਉਸ ਉਪਰੰਤ ਆਪ ਵੱਲੋਂ ਹੇਠ ਲਿਖੇ ਪੰਜ ਮਡਿਊਲ ਅਧੀਨ ਡਾਟਾ ਭਰਿਆ ਜਾਣਾ ਹੈ:-

a. School Results.
b. Infrastructure.
c. Co curricular Activities.
d. SMC & Public contribution.
e. Students Attendance.

ਡਿਪਟੀ ਐਸ.ਪੀ.ਡੀ (ਪਲਾਨਿੰਗ)

Scanned with CamScanner